THE SIKHCOALITION

ਸਿਆਸੀ ਉਮੀਦਵਾਰਾਂ ਤੱਕ ਪਹੁੰਚ ਕਿਵੇਂ ਬਣਾਈਏ: ਗੁਰਦੁਆਰਾ ਸਾਹਿਬਾਨਾਂ ਦੀ ਨਿਰਪੱਖਤਾ ਤੇ ਚੈਰਿਟੀ ਸਟੇਟਸ ਦੇ ਸਬੰਧ ਵਿਚ

ਧਾਰਾ 501(C)(3) ਅਧੀਨ ਦਰਜਾ ਪ੍ਰਾਪਤ ਗੁਰਦੁਆਰਾ ਸਾਹਿਬਾਨ ਜਨਤਕ ਅਹੁਦਿਆਂ ਲਈ ਚੋਣ ਲੜਨ ਵਾਲੇ ਉਮੀਦਵਾਰਾਂ ਦਾ ਸਮਰਥਨ ਜਾਂ ਵਿਰੋਧ ਨਹੀਂ ਕਰ ਸਕਦੇ। ਪਰ ਇਸ ਦੇ ਬਾਵਜੂਦ, ਗੁਰਦੁਆਰਾ ਸਾਹਿਬਾਨ ਸਮਾਜਿਕ ਅਮਰੀਕੀ ਜੀਵਨ ਵਿੱਚ ਹੋਰ ਕਈ ਤਰੀਕਿਆਂ ਨਾਲ ਸਰਗਰਮ ਰਹਿ ਸਕਦੇ ਹਨ ਅਤੇ ਉਨ੍ਹਾਂ ਨੂੰ ਰਹਿਣਾ ਵੀ ਚਾਹੀਦਾ ਹੈ। ਮਸਲਨ, ਗੁਰਦੁਆਰਾ ਸਾਹਿਬਾਨ ਸੰਗਤ ਨੂੰ ਮਸਲਿਆਂ ਬਾਰੇ ਸਿੱਖਿਅਤ ਕਰ ਸਕਦੇ ਹਨ, ਚੁਣੇ ਹੋਏ ਅਹੁਦੇਦਾਰਾਂ ਨਾਲ ਸੰਵਾਦ ਕਰ ਸਕਦੇ ਹਨ, ਜਨਤਕ ਨੀਤੀਆਂ ਦੀ ਪੈਰਵਾਈ ਕਰ ਸਕਦੇ ਹਨ, ਵੋਟਰਾਂ ਨੂੰ ਰਜਿਸਟਰ ਕਰ ਸਕਦੇ ਹਨ, ਵੋਟ ਪਾਉਣ ਲਈ ਉਤਸ਼ਾਹਤ ਕਰ ਸਕਦੇ ਹਨ, ਅਤੇ ਉਮੀਦਵਾਰਾਂ ਦੇ ਸੰਵਾਦ ਦਾ ਨਿਰਪੱਖ ਹੋ ਕੇ ਸੰਚਾਲਨ ਬਿਲਕੁਲ ਕਰ ਸਕਦੇ ਹਨ। ਮੁੱਖ ਫ਼ਰਕ ਸਿਰਫ਼ ਇਹ ਹੈ ਕਿ ਗੁਰਦੁਆਰਾ ਸਾਹਿਬਾਨ ਵੱਖ-ਵੱਖ ਉਮੀਦਵਾਰਾਂ ਵਿੱਚੋਂ ਕਿਸੇ ਇਕ ਦਾ ਪੱਖ ਨਹੀਂ ਲੈ ਸਕਦੇ।

ਉਹ ਕਿਹੜੀਆਂ ਲਾਲ ਲਕੀਰਾਂ ਹਨ ਜਿਹੜੀਆਂ ਪਾਰ ਨਹੀਂ ਕਰਨੀਆਂ?

ਕਿਸੇ ਗੁਰਦੁਆਰੇ ਨੂੰ ਕਦੇ ਵੀ ਆਪਣੀ ਸੰਸਥਾਗਤ ਆਵਾਜ਼, ਜਾਇਦਾਦ, ਪੈਸਾ ਜਾਂ ਸਾਧਨ ਕਿਸੇ ਉਮੀਦਵਾਰ ਨੂੰ ਜਿਤਾਉਣ ਜਾਂ ਹਰਾਉਣ ਵਿੱਚ ਮਦਦ ਕਰਨ ਲਈ ਨਹੀਂ ਵਰਤਣੇ ਚਾਹੀਦੇ। ਮਿਸਾਲ ਵਜੋਂ ਗੁਰਦੁਆਰੇ ਦੇ ਨੁਮਾਇੰਦਿਆਂ ਨੂੰ ਹੇਠ ਲਿਖੇ ਕਾਰਜ ਨਹੀਂ ਕਰਨੇ ਚਾਹੀਦੇ:

- ਸੰਗਤ ਨੂੰ ਕਿਸੇ ਉਮੀਦਵਾਰ (candidate) ਦੇ ਹੱਕ ਜਾਂ ਵਿਰੋਧ ਵਿੱਚ ਵੋਟ ਪਾਉਣ ਲਈ ਕਹਿਣਾ
- ਗੁਰਦੁਆਰਾ ਸਾਹਿਬ ਦੇ ਮੰਚ (ਸਟੇਜ) ਤੋਂ, ਇੰਟਰਨੈੱਟ ਉੱਤੇ, ਜਾਂ ਗੁਰਦੁਆਰੇ ਦੇ ਕਿਸੇ ਵੀ ਸੰਚਾਰ ਰਾਹੀਂ ਕਿਸੇ ਉਮੀਦਵਾਰ ਦਾ ਸਮਰਥਨ ਜਾਂ ਵਿਰੋਧ ਕਰਨਾ। ਜਿਸ ਵਿੱਚ ਹੇਠ ਲਿਖੀਆਂ ਗੱਲਾਂ ਵੀ ਸ਼ਾਮਲ ਹਨ:
    - *“ਆਉ ਇਹ ਪੱਕਾ ਕਰੀਏ ਕਿ ਇਸ ਵਿਅਕਤੀ ਨੂੰ ਆਪਾਂ ਕਾਂਗਰਸ ਵਿੱਚ ਦੁਬਾਰਾ ਭੇਜੀਏ”*
    - “ਇਹ ਵਿਅਕਤੀ ਹਮੇਸ਼ਾ ਸਾਡੇ ਭਾਈਚਾਰੇ ਦੇ ਨਾਲ ਖੜ੍ਹਿਆ ਹੈ। ਇਸ ਨਵੰਬਰ ਵਿੱਚ ਉਸ ਦਾ ਸਾਥ ਦੇਈਏ।”
    - “ਜਦੋਂ ਤੁਸੀਂ ਵੋਟ ਪਾਉ ਤਾਂ ਇਹ ਉਮੀਦਵਾਰ ਨੇ ਸਾਡੇ ਲਈ ਜੋ ਕੁੱਝ ਕੀਤਾ ਹੈ ਉਸ ਨੂੰ ਯਾਦ ਰੱਖਣਾ।”
- ਪੈਸੇ ਜਾਂ ਕਿਸੇ ਵਸਤੂ ਦੇ ਰੂਪ ਵਿੱਚ ਕਿਸੇ ਉਮੀਦਵਾਰ ਨੂੰ ਯੋਗਦਾਨ ਦੇਣਾ
- ਗੁਰਦੁਆਰਾ ਸਾਹਿਬ ਦੇ ਸਾਧਨਾਂ ਦੀ ਵਰਤੋਂ ਕਿਸੇ ਉਮੀਦਵਾਰ ਦੇ ਸਮਰਥਨ ਜਾਂ ਵਿਰੋਧ ਵਾਸਤੇ ਕਰਨਾ
- ਗੁਰਦੁਆਰਾ ਸਾਹਿਬ ਅੰਦਰ ਕਿਸੇ ਉਮੀਦਵਾਰ ਦੇ ਚੋਣ-ਮੁਹਿੰਮ ਦੇ ਚਿੰਨ੍ਹ ਲਗਾਉਣੇ ਜਾਂ ਕਿਸੇ ਦੇ ਪੱਖ ਵਿੱਚ ਚੋਣ-ਪ੍ਰਚਾਰ ਵਾਲੀ ਸਮੱਗਰੀ ਗੁਰਦੁਆਰੇ ਦੀ ਜਾਇਦਾਦ ਅੰਦਰ ਵੰਡਣੀ
- ਗੁਰਦੁਆਰਾ ਸਾਹਿਬ ਰਾਹੀਂ ਚੋਣ-ਪ੍ਰਚਾਰ ਵਾਸਤੇ ਪੈਸਾ ਇਕੱਠਾ (fundraising) ਕਰਨ ਦੀ ਮਨਜ਼ੂਰੀ ਦੇਣਾ।

ਕੀ ਚੁਣੇ ਹੋਏ ਅਹੁਦੇਦਾਰ ਗੁਰਦੁਆਰਾ ਸਾਹਿਬ ਆ ਸਕਦੇ ਹਨ?

ਬਿਲਕੁਲ, ਗੁਰਦੁਆਰਾ ਸਾਹਿਬਾਨ ਚੁਣੇ ਹੋਏ ਅਹੁਦੇਦਾਰਾਂ ਨੂੰ ਬੁਲਾ ਸਕਦੇ ਹਨ ਅਤੇ ਉਨ੍ਹਾਂ ਨਾਲ ਸੰਵਾਦ ਕਰ ਸਕਦੇ ਸਨ। ਇਹ ਚੋਣਾਂ ਦੇ ਦੌਰਾਨ ਵੀ ਕੀਤਾ ਜਾ ਸਕਦਾ ਹੈ। ਕੋਈ ਵੀ ਅਹੁਦੇਦਾਰ ਸਿੱਖ ਭਾਈਚਾਰੇ ਬਾਰੇ ਜਾਣਨ ਲਈ, ਜਨਤਕ ਨੀਤੀਆਂ ਸੰਬੰਧੀ ਸਵਾਲਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ, ਕੋਈ ਧਾਰਮਿਕ ਜਾਂ ਸਭਿਆਚਾਰਕ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ, ਕੋਈ ਦਿਨ ਮਨਾਉਣ ਲਈ ਜਾਂ ਸੰਗਤ ਨੂੰ ਮਿਲਣ ਲਈ ਗੁਰਦੁਆਰਾ ਸਾਹਿਬ ਆ ਸਕਦਾ ਹੈ। ਮੁੱਖ ਸਵਾਲ ਇਹ ਹੈ ਕਿ ਉਹ ਚੁਣੇ ਹੋਏ ਅਹੁਦੇਦਾਰ ਵਜੋਂ ਆ ਰਿਹਾ ਹੈ ਜਾਂ ਚੋਣ ਲੜ ਰਹੇ ਉਮੀਦਵਾਰ ਵਜੋਂ?

ਜੇ ਉਸ ਦੀ ਆਮਦ ਚੁਣੇ ਹੋਏ ਅਹੁਦੇਦਾਰ ਵਜੋਂ ਹੈ ਤਾਂ ਇਸ ਨੂੰ ਉਸ ਦੇ ਸਰਕਾਰੀ ਅਹੁਦੇ ਉੱਤੇ ਹੀ ਕੇਂਦਰਤ ਰੱਖੋ। ਉਨ੍ਹਾਂ ਦੀ ਚੋਣ-ਮੁਹਿੰਮ ਬਾਰੇ, ਆਉਣ ਵਾਲੀਆਂ ਚੋਣਾਂ ਬਾਰੇ ਜਾਂ ਕੀ ਸੰਗਤ ਨੂੰ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ, ਬਾਰੇ ਕੋਈ ਵਿਚਾਰ-ਵਟਾਂਦਰਾ ਨਾ ਕਰੋ। ਨਿਰਲੇਪ ਤੇਨਿਰਪੱਖ ਜਾਣ-ਪਛਾਣ ਸਭ ਤੋਂ ਜ਼ਿਆਦਾ ਵਾਜਿਬ ਰਹਿੰਦੀ ਹੈ, ਜਿਵੇਂ ਕੇ: “ਅਸੀਂ ਇਸ ਕਾਂਗਰਸਵੂਮਨ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ। ਸਾਡੇ ਭਾਈਚਾਰੇ ਨੂੰ ਮਿਲਣ ਆਉਣ ਲਈ ਤੁਹਾਡਾ ਧੰਨਵਾਦ।” ਭਾਵੇਂ ਉਪਰੋਕਤ ਕਾਂਗਰਸਵੂਮਨ ਦੋਬਾਰਾ ਚੋਣਾਂ ਦੀ ਦੌੜ ਵਿੱਚ ਸ਼ਾਮਲ ਹੋਵੇ ਪਰ ਜੇ ਉਹ, ਚੋਣ ਉਮੀਦਵਾਰ ਨਹੀਂ ਬਲਕਿ ਸਿਰਫ਼ ਆਪਣੇ ਮੌਜੂਦਾ ਸਰਕਾਰੀ ਅਹੁਦੇ ਦੀ ਹੈਸੀਅਤ ਵਿਚ ਆਈ ਹੈ ਤਾਂ ਗੁਰਦੁਆਰਾ ਸਾਹਿਬ ਨੂੰ ਉਸ ਦੇ ਵਿਰੋਧੀ ਨੂੰ ਆਪਣੇ-ਆਪ ਬੁਲਾਉਣ ਦੀ ਲੋੜ ਨਹੀਂ ਹੈ (ਪਰ ਜੇ ਕੋਈ ਸੰਭਾਵੀ ਉਮੀਦਵਾਰ ਗੁਰਦੁਆਰਾ ਸਾਹਿਬ ਆ ਕੇ ਬੋਲਣਾ ਚਾਹੁੰਦਾ ਹੈ, ਫਿਰ ਦੋ ਵਿਕਲਪ ਹਨ: 1) ਜਾਂ ਤਾਂ ਹੋਰ ਸਾਰੇ ਉਮੀਦਵਾਰ ਵੀ ਬਰਾਬਰ ਸੱਦੇ ਜਾਣ ਜਾਂ 2) ਉਸ ਉਮੀਦਵਾਰ ਨੂੰ ਆਦਰ ਸਹਿਤ ਕਿਹਾ ਜਾਵੇ ਕਿ ਗੁਰਦੁਆਰਾ ਸਾਹਿਬ ਦਾ ਗੈਰ-ਪੱਖਪਾਤੀ ਤੇ charitable status ਮੁੱਖ ਰੱਖਦਿਆਂ, ਕਿਸੇ ਇਕ ਉਮੀਦਵਾਰ ਦਾ ਬੋਲਣਾ ਸਿਆਸੀ ਪੱਖਪਾਤ ਹੋਵੇਗਾ ਜੋ ਵਰਜਿਤ ਹੈ)।

ਜੇ ਉਮੀਦਵਾਰ ਸੰਗਤ ਨਾਲ ਸੰਵਾਦ ਕਰਨਾ ਚਾਹੇ ਤਾਂ?

ਸਿੱਧੀ ਗੱਲ ਇਹ ਹੈ ਕਿ ਗੁਰਦੁਆਰਾ ਸਾਹਿਬਾਨਾਂ ਨੂੰ ਉਹਨਾਂ ਉਮੀਦਵਾਰਾਂ (candidates) ਨਾਲ ਸੰਵਾਦ ਕਰਨ ਵੇਲੇ ਬਹੁਤ ਜ਼ਿਆਦਾ ਸਾਵਧਾਨ ਰਹਿਣਾ ਚਾਹੀਦਾ ਹੈ, ਜਿਹੜੇ ਚੋਣ ਜਿੱਤ ਕੇ ਅਹੁਦੇਦਾਰ (elected official) ਨਹੀਂ ਬਣੇ ਹਨ ਪਰ ਪੂਰੀ ਸਰਗਰਮੀ ਨਾਲ ਚੁਣੇ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਜੇ ਕਿਸੇ ਉਮੀਦਵਾਰ ਨੂੰ ਬੁਲਾਇਆ ਜਾਂਦਾ ਹੈ ਤਾਂ ਗੁਰਦੁਆਰਾ ਸਾਹਿਬ ਨੂੰ ਉਸ ਨੂੰ ਇਸ ਤਰ੍ਹਾਂ ਦਾ ਮੌਕਾ ਨਹੀਂ ਦੇਣਾ ਚਾਹੀਦਾ ਜੋ ਉਸ ਨੂੰ ਆਪਣੇ ਵਿਰੋਧੀ ਉਮੀਦਵਾਰਾਂ ਦੇ ਮੁਕਾਬਲੇ ਲਾਹਾ ਪਹੁੰਚਾਵੇ। ਜੇ ਕਿਸੇ ਇੱਕ ਉਮੀਦਵਾਰ ਨੂੰ ਗੁਰਦੁਆਰੇ ਦੇ

ਮੁੱਖ ਮੰਚ ਤੋਂ ਬੋਲਣ ਦਾ ਸੱਦਾ ਦਿੱਤਾ ਜਾਂਦਾ ਹੈ ਤਾਂ ਉਸੇ ਅਹੁਦੇ ਲਈ ਚੋਣ ਲੜ ਰਹੇ ਹੋਰ ਉਮੀਦਵਾਰਾਂ ਨੂੰ ਤਤਪਰਤਾ ਨਾਲ ਉਸੇ ਦਿਨ ਆ ਕੇ ਮੁੱਖ ਮੰਚ ਤੋਂ ਬੋਲਣ ਦਾ ਜਾਇਜ਼ ਤੇ ਬਰਾਬਰ ਮੌਕਾ ਦੇਣਾ ਚਾਹੀਦਾ ਹੈ।

ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕੀ ਸੱਜਣਾਂ ਦੇ ਖਾਸ ਧਿਆਨ ਹਿੱਤ ਇਹ ਗੱਲ ਹੈ ਕਿ, ਮਾਹਰਾਂ ਮੁਤਾਬਿਕ ਕਿਸੇ ਇੱਕ ਸਿਆਸੀ ਉਮੀਦਵਾਰ ਨੂੰ ਬੁਲਾਉਣ ਦੀ ਬਜਾਇ, ਸਭ ਤੋਂ ਬਿਹਤਰ ਅਤੇ ਸੁਰੱਖਿਅਤ ਤਰੀਕਾ ਇਹ ਹੁੰਦਾ ਹੈ ਕਿ ਉਹਨਾਂ ਦੇ ਨਾਲ ਦੇ ਸਾਰੇ ਉਮੀਦਵਾਰਾਂ ਦੀ ਗ਼ੈਰ-ਪੱਖਪਾਤੀ (nonpartisan) ਵਿਚਾਰ-ਚਰਚਾ (forum) ਦਾ ਆਯੋਜਨ ਕੀਤਾ ਜਾਵੇ ਉਮੀਦਵਾਰਾਂ ਨੂੰ ਇਸ ਸਾਂਝੀ ਵਿਚਾਰ-ਚਰਚਾ ਦੇ ਮੰਚ ਉੱਤੇ ਲਿਆਉਣ ਬਾਰੇ ਵਿਚਾਰ ਕਰੋ ਜਿਸ ਦਾ ਆਯੋਜਨ stage ਉੱਤੇ ਨਹੀਂ ਬਲਕਿ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਜਾਂ ਕਿਸੇ ਹੋਰ ਸਾਂਝੀ ਥਾਂ ਉੱਤੇ ਹੋਵੇ। ਇੱਕ ਠੋਸ ਵਿਚਾਰ-ਚਰਚਾ ਵਿੱਚ ਹੇਠ ਲਿਖੀਆਂ ਚੀਜ਼ਾਂ ਹੋਣੀਆਂ ਲਾਜ਼ਮੀ ਹਨ:

- ਇੱਕੋ ਅਹੁਦੇ ਲਈ ਚੋਣ ਲੜ ਰਹੇ ਸਾਰੇ ਯੋਗ ਉਮੀਦਵਾਰਾਂ ਨੂੰ ਆਉਣ ਦਾ ਸੱਦਾ ਦੇਣਾ;
- ਸਾਰਿਆਂ ਨੂੰ ਬੋਲਣ ਦਾ ਖੁੱਲ੍ਹਾ ਤੇ ਬਰਾਬਰ ਮੌਕਾ ਦੇਣਾ;
- ਨਿਰਪੱਖ ਸਵਾਲ ਅਤੇ ਪ੍ਰਕਿਰਿਆਵਾਂ ਦੀ ਵਰਤੋਂ ਕਰਨੀ;
- ਮਸਲਿਆਂ ਦੇ ਵੱਡੇ ਦਾਇਰੇ ਨੂੰ ਵਿਚਾਰ-ਚਰਚਾ ਵਿੱਚ ਲਿਆਉਣਾ;
- ਕਿਸੇ ਸੰਗਤੀ member ਨੂੰ ਨਿਰਪੱਖ ਸੰਚਾਲਕ ਵਾਂਗ ਸੰਚਾਲਨ (moderating) ਦੀ ਜ਼ਿਮੇਵਾਰੀ ਸੌਂਪਣੀ; ਅਤੇ
- ਕਿਸੇ ਸਿਆਸੀ ਉਮੀਦਵਾਰ ਦੇ ਪੱਖ ਜਾਂ ਵਿਰੋਧ ਵਿੱਚ ਭਾਸ਼ਣ ਦੇਣ ਤੋਂ ਗੁਰੇਜ਼ ਕਰਨਾ

ਜੇਕਰ ਸੱਦਿਆ ਗਿਆ ਕੋਈ ਉਮੀਦਵਾਰ ਹਿੱਸਾ ਨਹੀਂ ਲੈ ਸਕਦਾ, ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਵੀ ਵਿਚਾਰ-ਚਰਚਾ ਹੋ ਸਕਦੀ ਹੈ (ਮਸਲਾ ਸਾਂਝਾ ਸੱਦਾ ਦੇਣ ਦਾ ਹੈ)। ਜੇ ਅਜਿਹਾ ਵਿਚਾਰ-ਵਟਾਂਦਰਾ ਮੁੱਖ stage ਦੀ ਬਜਾਇ ਸਾਂਝੀ ਥਾਂ ਉੱਤੇ ਹੁੰਦਾ ਹੈ ਤਾਂ ਸੰਗਤ ਦੇ ਮੈਂਬਰ ਵੀ ਮਹੱਤਵਪੂਰਨ ਸਵਾਲ ਪੁੱਛ ਸਕਦੇ ਹਨ ਅਤੇ ਉਮੀਦਵਾਰਾਂ ਨਾਲ ਸੰਵਾਦ ਵਿੱਚ ਸ਼ਾਮਲ ਹੋ ਸਕਦੇ ਹਨ।

ਸੋਸ਼ਲ ਮੀਡੀਆ ਵੀ ਗਿਣਿਆ ਜਾਂਦਾ ਹੈ

ਉਪਰੋਕਤ ਸਾਰੀਆਂ ਹਦਾਇਤਾਂ ਗੁਰਦੁਆਰਾ ਸਾਹਿਬ ਦੇ ਸੋਸ਼ਲ ਮੀਡੀਆ ਖ਼ਾਤਿਆਂ ਉੱਤੇ ਵੀ ਲਾਗੂ ਹੁੰਦੀਆਂ ਹਨ। ਉਨ੍ਹਾਂ 'ਤੇ ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਪੋਸਟਾਂ ਤੱਥਪੂਰਣ, ਨਿਰਪੱਖ ਅਤੇ ਸੰਵਾਦ ਦੇ ਮਨੋਰਥ ਉੱਤੇ ਕੇਂਦਰਤ ਹੋਣੀਆ ਚਾਹੀਦੀਆਂ ਹਨ। ਮਿਸਾਲ ਵਜੋਂ, "ਸਾਡੇ ਦੋਸਤ ਇਹ ਕਾਊਂਸਿਲ ਮੈਂਬਰ *X* ਹਮੇਸ਼ਾ ਸਿੱਖ ਭਾਈਚਾਰੇ ਦੇ ਨਾਲ ਖੜ੍ਹਦੇ ਹਨ " ਕਹਿਣ ਨਾਲੋਂ "ਕਾਊਂਸਿਲ ਮੈਂਬਰ *X* ਜੀ ਤੁਹਾਡਾ ਅੱਜ ਗੁਰਦੁਆਰਾ ਸਾਹਿਬ ਆਉਣ ਅਤੇ ਸੰਗਤ ਦੀ ਸੁਰੱਖਿਆ ਬਾਰੇ ਚਰਚਾ ਕਰਨ ਵਾਸਤੇ ਭਾਈਚਾਰੇ ਦੇ ਮੈਂਬਰਾਂ ਨਾਲ ਸੰਵਾਦ ਰਚਾਉਣ ਲਈ ਧੰਨਵਾਦ" ਕਹਿਣਾ, ਆਮ ਤੌਰ ਉੱਤੇ ਜ਼ਿਆਦਾ ਸੁਰੱਖਿਅਤ ਹੁੰਦਾ ਹੈ। ਚੋਣਾਂ ਦੇ ਦੌਰਾਨ, ਬਿਨਾਂ ਸਪੱਸ਼ਟ ਰੂਪ ਵਿੱਚ "ਉਸ ਉਮੀਦਵਾਰ ਨੂੰ ਵੋਟ ਪਾਉਣਾ" ਕਹੇ ਉਸ ਦੀ ਪ੍ਰਸ਼ੰਸਾ ਕਰਨ ਵਾਲੀ ਜਾਂ ਉਸ ਦਾ ਪੱਖ ਪੂਰਨ ਵਾਲੀ ਭਾਸ਼ਾ ਵੀ ਗੁਰਦੁਆਰੇ ਨੂੰ ਉਸ ਉਮੀਦਵਾਰ ਦਾ ਸਮਰਥਕ ਦਰਸਾ ਸਕਦੀ ਹੈ।

ਫਿਰ ਕੀ ਗੁਰਦੁਆਰਾ ਸਾਹਿਬਾਨਾਂ ਕੋਲ ਸਿਆਸੀ ਹੱਕ ਨਹੀਂ ਹਨ?

ਧਿਆਨ ਦਿਉ ਕਿ ਇਹ ਪਾਬੰਦੀਆਂ ਧਾਰਾ 501(C)(3) ਅਧੀਨ ਸੰਸਥਾਵਾਂ ਵਜੋਂ ਰਜਿਟਰ ਗਰੁਦੁਆਰਾ ਸਾਹਿਬਾਨ ਉੱਤੇ ਹੀ ਲਾਗੂ ਹੋਣਗੀਆਂ ਸੰਗਤ ਦੇ ਇਕੱਲੇ-ਇਕੱਲੇ ਮੈਂਬਰ ਉੱਤੇ ਨਹੀਂ। ਸੰਗਤ ਦੇ ਮੈਂਬਰ ਨਿੱਜੀ ਤੌਰ ਉੱਤੇ, ਆਪਣੇ-ਆਪ ਦੇ ਪੱਧਰ 'ਤੇ ਜਾਂ ਕਿਸੇ ਵੱਖਰੀ ਸੰਸਥਾ ਰਾਹੀਂ ਕਿਸੇ ਵੀ ਸਿਆਸੀ ਉਮੀਦਵਾਰ (candidate) ਦਾ ਸਮਰਥਨ ਜਾਂ ਵਿਰੋਧ ਕਰ ਸਕਦੇ ਹਨ। ਇਸ ਵਿੱਚ ਧਾਰਾ 501(C)(4) ਅਧੀਨ ਬਣੀਆਂ ਸੰਸਥਾਵਾਂ ਵੀ ਸ਼ਾਮਲ ਹਨ ਜਿਹੜੀਆਂ ਚੋਣ-ਮੁਹਿੰਮਾਂ ਦਾ ਸਮਰਥਨ, fundraiser, ਅਤੇ ਸੰਬੰਧਤ ਸਿਆਸੀ ਸਰਗਰਮੀਆਂ ਕਰ ਸਕਦੀਆਂ ਹਨ। ਅਜਿਹੀਆਂ ਸਿਆਸੀ ਕਾਰਵਾਈਆਂ ਪੂਰੀ ਤਰ੍ਹਾਂ ਗੁਰਦੁਆਰਾ ਸਾਹਿਬ ਤੋਂ ਅੱਡ ਰਹਿਣੀਆਂ ਚਾਹੀਦੀਆਂ ਹਨ (ਜਿਵੇਂ ਕਿ ਕਿਸੇ ਇੱਕ ਉਮੀਦਵਾਰ ਨੂੰ ਗੁਰਦੁਆਰੇ ਦੀ ਬਜਾਇ ਆਪਣੇ ਘਰ ਬੁਲਾਉਣਾ)। ਗੁਰਦੁਆਰੇ ਦੀ ਜਾਇਦਾਦ, ਪੈਸਾ, ਡਾਕ ਪਤਿਆ ਜਾਂ ਈਮੇਲਾਂ ਵਾਲੀਆਂ ਸੂਚੀਆਂ, ਸੋਸ਼ਲ ਮੀਡੀਆ ਖ਼ਾਤੇ ਜਾਂ ਗੁਰਦੁਆਰਾ ਸਾਹਿਬ ਦੇ ਹੋਰ ਸਾਧਨ ਕਿਸੇ ਇਕ ਉਮੀਦਵਾਰ ਦੇ ਸਮਰਥਨ ਜਾਂ ਵਿਰੋਧ ਵਿੱਚ ਨਹੀਂ ਵਰਤੇ ਜਾਣੇ ਚਾਹੀਦੇ।

ਫਿਰ ਆਖਰਕਾਰ ਗੁਰਦੁਆਰਾ ਸਾਹਿਬਾਨ ਕਰ *ਕੀ* ਸਕਦੇ ਹਨ?

ਸਿਆਸੀ ਉਮੀਦਵਾਰਾਂ ਨਾਲ ਸੰਵਾਦ ਕਰਨ ਉੱਤੇ ਪਾਬੰਦੀ ਦਾ ਮਤਲਬ ਇਹ ਨਹੀਂ ਹੈ ਕਿ ਗੁਰਦੁਆਰਾ ਸਾਹਿਬਾਨ ਸਮਾਜਿਕ ਅਮਰੀਕੀ ਜੀਵਨ ਵਿੱਚ ਸੰਗਤ ਨਾਲ ਸੰਵਾਦ ਨਹੀਂ ਕਰ ਸਕਦੇ ਧਾਰਾ 501(C)(3) ਅਧੀਨ ਦਰਜ ਸੰਸਥਾਵਾਂ ਵਜੋਂ ਗੁਰਦੁਆਰਾ ਸਾਹਿਬਾਨ ਹੇਠ ਲਿਖੇ ਕਾਰਜ ਬੇਝਿਜਕ ਹੋ ਕੇ ਕਰ ਸਕਦੇ ਹਨ:

1. **ਸੰਗਤ ਵਿਚੋਂ ਨਵੀਆਂ ਵੋਟਾਂ ਬਣਵਾਉਣੀਆਂ:** ਵੋਟਰਾਂ ਦੀ ਵੋਟ ਬਣਾਉਣ (ਰਜਿਸਟਰ ਕਰਵਾਉਣ) ਦੀਆਂ ਮੁਹਿੰਮਾਂ ਚਲਾਉਣੀਆਂ।
2. **ਸਿੱਖ ਵੋਟਰਾਂ ਨੂੰ ਉਤਸ਼ਾਹਿਤ ਕਰਨਾ:** ਵੋਟ ਪਾਉਣ ਦੀ ਆਖ਼ਰੀ ਤਰੀਕ, ਨੇੜਲੇ ਵੋਟ ਬੂਥ ਬਾਰੇ ਜਾਣਕਾਰੀ ਅਤੇ ਹੋਰ ਵੋਟ ਪਾਉਣ ਸੰਬੰਧੀ ਜਾਣਕਾਰੀ ਦੇ ਵਸੀਲੇ ਸਾਂਝੇ ਕਰਨਾ।
3. **ਸੰਗਤ ਨੂੰ ਜਾਗਰੂਕ ਕਰਨਾ:** ਚੋਣਾਂ ਦੇ ਮਹੀਨਿਆਂ ਦੌਰਾਨ ਸਿੱਖਾਂ ਨੂੰ ਪ੍ਰਭਾਵਿਤ ਕਰਨ ਵਾਲੇ ਜਨਤਕ ਨੀਤੀਆਂ ਤੇ ਸੰਬੰਧੀ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਨਾ।

4. **ਸਿਆਸੀ ਉਮੀਦਵਾਰਾਂ ਅਤੇ ਚੁਣੇ ਹੋਏ ਅਹੁਦੇਦਾਰਾਂ ਨੂੰ ਜਾਗਰੁਕ ਕਰਨਾ:** ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਬਾਰੇ ਦੱਸਣਾ, ਸਿੱਖਾਂ ਸੰਬੰਧੀ ਨੀਤੀਆਂ ਦੇ ਚੋਣ ਮਨੋਰਥ-ਪੱਤਰ ਤਿਆਰ ਕਰਨੇ, ਜਾਗਰੁਕ ਕਰਨ ਵਾਲੀ ਸਮੱਗਰੀ ਦੇਣੀ ਅਤੇ ਮਹਤੱਵਪੂਰਨ ਨੀਤੀਗਤ ਸਵਾਲ ਪੁੱਛਣੇ।
5. **ਜਨਤਕ ਨੀਤੀਆਂ ਦੀ ਪੈਰਵਾਈ ਕਰਨੀ:** ਧਾਰਾ 501(C)(3) ਦੇ ਚੋਣ ਪ੍ਰਚਾਰ ਸੰਬੰਧੀ ਨਿਯਮਾਂ ਦੇ ਦਾਇਰੇ ਵਿੱਚ ਰਹਿ ਕੇ ਕਨੂੰਨਾਂ ਦਾ ਸਮਰਥਨ ਜਾਂ ਵਿਰੋਧ ਕਰਨਾ ਅਤੇ ਕਨੂੰਨ ਘਾੜਿਆਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ।
6. **ਸਿਆਸੀ ਉਮੀਦਵਾਰਾਂ ਨੂੰ ਬੈਠਕ ਦਾ ਸਾਂਝਾ ਸੱਦਾ ਦੇਣਾ:** ਉੱਪਰ ਦੱਸੇ ਅਨੁਸਾਰ, ਇਸ ਤਰ੍ਹਾਂ ਦੀਆਂ ਵਿਚਾਰ-ਚਰਚਾਵਾਂ ਕਿਸੇ ਦਾ ਵੀ ਸਮਰਥਨ ਜਾਂ ਵਿਰੋਧ ਕੀਤੇ ਬਿਨਾਂ ਸੰਗਤ ਨੂੰ ਉਮੀਦਵਾਰਾਂ ਦੇ ਵਿਚਾਰ ਸੁਣਨ ਦਾ ਖੁੱਲ੍ਹਾ ਮੌਕਾ ਦਿੰਦੀਆਂ ਹਨ।

ਪ੍ਰਬੰਧਕੀ ਸੱਜਣਾਂ ਲਈ ਸਾਰ ਅੰਸ਼

ਕਿਸੇ ਵੀ ਚੋਣ-ਸੰਬੰਧੀ ਸਰਗਰਮੀ ਤੋਂ ਪਹਿਲਾਂ, ਆਪਣੇ ਆਪ ਨੂੰ ਇਕ ਸਧਾਰਨ ਸਵਾਲ ਪੁੱਛੋ: 1) ਕੀ ਅਸੀਂ ਸਿੱਖ ਸੰਗਤਾਂ ਦੇ ਜਮਹੂਰੀ ਹੱਕਾਂ ਨੂੰ ਪੱਕਿਆਂ ਕਰ ਰਹੇ ਹਾਂ ਜਾਂ 2) ਕੀ ਅਸੀਂ ਕਿਸੇ ਇਕ ਉਮੀਦਵਾਰ ਨੂੰ ਜਿਤਾਉਣ ਵਿੱਚ ਮਦਦ ਕਰ ਰਹੇ ਹਾਂ? ਗੁਰਦੁਆਰਾ ਸਾਹਿਬ ਸਿੱਖ ਸੰਗਤਾਂ ਨੂੰ ਵੋਟ ਬਣਾਉਣ (ਰਜਿਸਟਰ ਕਰਨ), ਵੋਟ ਪਾਉਣ, ਸਿਆਸੀ ਮਸਲਿਆਂ ਨੂੰ ਸਮਝਣ, ਚੁਣੇ ਹੋਏ ਕਨੂੰਨ-ਘਾੜਿਆਂ ਨਾਲ ਸੰਵਾਦ ਕਰਨ ਅਤੇ ਚੋਣ ਲੜ ਰਹੇ ਸੰਭਾਵੀ ਉਮੀਦਵਾਰਾਂ ਦੇ ਵਿਚਾਰ ਖੁੱਲ੍ਹ ਕੇ ਸੁਣਨ ਵਿੱਚ ਖੁਲੇਆਮ ਮਦਦ ਕਰ ਸਕਦਾ ਹੈ। ਇਸ ਦੇ ਨਾਲ ਨਾਲ, ਆਈ.ਆਰ.ਐਸ ਦੇ ਨਿਯਮਾਂ ਅਨੁਸਾਰ, ਕਿਸੇ ਵੀ ਧਾਰਮਿਕ ਅਸਥਾਨ ਦੀ ਵਰਤੋਂ ਕਿਸੇ ਖ਼ਾਸ ਉਮੀਦਵਾਰ ਨੂੰ ਜਿਤਾਉਣ ਜਾਂ ਹਰਾਉਣ ਲਈ ਨਹੀਂ ਕੀਤੀ ਜਾ ਸਕਦੀ। ਯਾਦ ਰਹੇ ਕਿ ਗੈਰ-ਪੱਖਪਾਤ (nonpartisanship) ਦਾ ਅਰਥ ਇਹ ਨਹੀਂ ਹੁੰਦਾ ਕਿ ਅਸੀਂ ਅਮੈਰਿਕਾ ਦੇ ਜਮਹੂਰੀ ਤਰੀਕਿਆਂ ਨਾਲ ਕੋਈ ਵਾਹ ਵਾਸਤਾ ਹੀ ਨਹੀਂ ਰੱਖਣਾ। ਇਸ ਦਾ ਮਤਲਬ ਸਿਰਫ਼ ਕਿਸੇ ਇੱਕ ਉਮੀਦਵਾਰ ਲਈ ਪ੍ਰਚਾਰ ਕੀਤੇ ਬਿਨਾਂ ਆਮ ਲੋਕਾਂ ਨੂੰ ਆਪਦੇ ਜਮਹੂਰੀ ਹੱਕਾਂ ਬਾਰੇ ਜਾਗਰੁਕ ਕਰ ਕੇ ਉਹਨਾਂ ਨੂੰ ਕਨੂੰਨ-ਘਾੜਿਆਂ ਨਾਲ ਸੰਵਾਦ ਕਰਨ ਦੇ ਕਾਬਿਲ ਬਣਾਉਣ ਦਾ ਹੁੰਦਾ ਹੈ।

ਇਹ ਜਾਣਕਾਰੀ ਸਿਰਫ਼ ਸੂਚਨਾ ਦੇ ਮਨੋਰਥ ਲਈ ਦਿੱਤੀ ਜਾ ਰਹੀ ਹੈ ਅਤੇ ਵਕੀਲ-ਕਲਾਇੰਟ ਵਾਲੇ ਸੰਬੰਧਾਂ ਦਾ ਹਿੱਸਾ ਨਹੀਂ ਹੈ। ਇਹ ਜਾਣਕਾਰੀ ਤੁਹਾਡੇ ਖ਼ਾਸ ਹਾਲਾਤ ਮੁਤਾਬਿਕ ਤਿਆਰ ਕੀਤੀ ਗਈ ਕਾਨੂੰਨੀ, ਟੈਕਸ ਸੰਬੰਧੀ ਜਾਂ ਹੋਰ ਕਿਸੇ ਤਜਰਬੇਕਾਰ ਪੇਸ਼ੇਵਰ ਸਲਾਹ ਦਾ ਬਦਲ ਨਹੀਂ ਹੈ। ਇੰਟਰਨਲ ਰੈਵਿਨਿਯੂ ਕੋਡ ਅਧੀਨ ਲਾਏ ਜਾਣ ਵਾਲੇ ਕਿਸੇ ਜੁਰਮਾਨੇ/ਸਜ਼ਾ ਤੋਂ ਬਚਣ ਲਈ ਇਸ ਜਾਣਕਾਰੀ ਉੱਤੇ ਨਿਰਭਰ ਨਹੀਂ ਕੀਤਾ ਜਾ ਸਕਦਾ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਬੇਝਿਜਕ ਹੋ ਕੇ ਸਿੱਖ ਕੋਲੀਸ਼ਨ ਨਾਲ ਈਮੇਲ ਪਤੇ advocacy@sikhcoalition.org ਉੱਤੇ ਸੰਪਰਕ ਕਰੋ ਜੀ।

ਕੀ ਗੁਰਦੁਆਰਾ ਸਾਹਿਬਾਨ ਸਿਆਸੀ ਪੈਰਵਾਈ (Lobbying) ਅਤੇ ਚੋਣ-ਸੰਬੰਧੀ ਸਰਗਰਮੀਆਂ ਕਰ ਸਕਦੇ ਹਨ?

ਫੈਡਰਲ ਟੈਕਸ ਕਾਨੂੰਨ ਗੁਰਦੁਆਰਾ ਸਾਹਿਬਾਨ ਸਮੇਤ ਸਾਰੇ ਧਾਰਮਿਕ ਅਸਥਾਨਾਂ ਉੱਤੇ ਜਨਤਕ ਅਹੁਦਿਆਂ ਲਈ ਸਿਆਸੀ ਚੋਣ ਲੜਨ ਵਾਲੇ ਉਮੀਦਵਾਰਾਂ ਦਾ ਸਮਰਥਨ ਜਾਂ ਵਿਰੋਧ ਕਰਨ ਉੱਤੇ ਰੋਕ ਲਾਉਂਦਾ ਹੈ। ਉਸੇ ਵੇਲੇ, ਇਹ ਨਾਗਰਿਕ ਜਾਗਰੁਕਤਾ ਕਾਰਜਾਂ ਵਿੱਚ ਧਾਰਮਿਕ ਭਾਈਚਾਰਿਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਮਾਨਤਾ ਵੀ ਦਿੰਦਾ ਹੈ। ਨਤੀਜੇ ਵਜੋਂ, ਕੋਈ ਵੀ “church” (ਆਈ.ਆਰ.ਐਸ ਸਾਰੇ ਧਾਰਮਿਕ ਸਥਾਨਾਂ ਲਈ ਇਹੀ ਇੱਕ ਸ਼ਬਦ ਵਰਤਦਾ ਹੈ) ਚੋਣਾਂ ਨਾਲ ਸੰਬੰਧਤ ਗ਼ੈਰ-ਪੱਖਪਾਤੀ ਸਰਗਰਮੀਆਂ ਵਿੱਚ ਸ਼ਾਮਲ ਹੋ ਸਕਦਾ ਹੈ। ਚੋਣਾਂ ਦੌਰਾਨ ਧਾਰਾ 501(C)(3) ਅਧੀਨ ਸਥਾਪਿਤ ਕਿਸੇ ਸੰਸਥਾ ਦੀ ਭੂਮਿਕਾ ਲੋਕਾਂ ਨੂੰ ਸਿੱਖਿਅਤ ਕਰਨ ਵਾਲੀ ਅਤੇ ਨਾਗਰਿਕਾਂ ਨੂੰ ਜਾਗਰੁਕ ਕਰਨ ਵਾਲੀ ਰਹਿਣੀ ਚਾਹੀਦੀ ਹੈ। ਭਾਵੇਂ ਧਾਰਮਿਕ ਅਸਥਾਨ ਕਈ ਕਿਸਮ ਦੀਆਂ ਸਰਗਮੀਆਂ ਵਿੱਚ ਸ਼ਮੂਲੀਅਤ ਕਰ ਸਕਦੇ ਹਨ ਪਰ ਉਨ੍ਹਾਂ ਸਰਗਰਮੀਆਂ ਰਾਹੀਂ ਸੰਗਤ ਨੂੰ ਇਹ ਨਹੀਂ ਦੱਸ ਸਕਦੇ ਕਿ ਵੋਟਾਂ ਕਿਸ ਨੂੰ ਪਾਉਣੀਆਂ ਹਨ। ਅੰਤਲਾ ਸਿੱਟਾ ਇਸ ਫਰਕ ਨੂੰ ਸਮਝਣ ਦੇ ਵਿਚ ਹੈ ਕਿ public policy (ਜਨਤਕ ਨੀਤੀ) ਦੀ ਵਕਾਲਤ ਕਰਨ ਵਿਚ ਆਮ ਤੌਰ ਤੇ ਆਗਿਆ ਹੈ ਤੇ ਕਿਸੇ ਇਕ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਕਰ ਕੇ ਸਿਆਸੀ ਪੱਖਪਾਤ ਕਰਨ ਦੀ ਸਖਤ ਮਨਾਹੀ ਹੈ।

ਗੁਰਦੁਆਰਾ ਸਾਹਿਬਾਨ ਕੀ ਕਰ ਸਕਦੇ ਹਨ?

1. ਸਿੱਖ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਮਸਲਿਆਂ ਬਾਰੇ ਵੋਟਰਾਂ ਅਤੇ ਉਮੀਦਵਾਰਾਂ ਨੂੰ ਸਿੱਖਿਅਤ ਕਰਨਾ।
2. ਗ਼ੈਰ-ਪੱਖਪਾਤੀ ਵੋਟਰ ਸਿੱਖਿਆ ਅਤੇ ਨਾਗਰਿਕ ਜਾਗਰੁਕਤਾ ਵਾਲੀਆਂ ਬੈਠਕਾਂ ਦਾ ਆਯੋਜਨ ਕਰਨਾ।
3. ਗ਼ੈਰ-ਪੱਖਪਾਤੀ ਹੋ ਕੇ ਸੰਗਤ ਵਿਚੋਂ ਨਵੇਂ ਵੋਟਰਾਂ ਨੂੰ ਰਜਿਸਟਰ ਕਰਨ (ਵੋਟਾਂ ਬਣਾਉਣ) ਦਾ ਪ੍ਰਬੰਧ ਕਰਨਾ।
4. ਗ਼ੈਰ-ਪੱਖਪਾਤੀ ਅਧਾਰ ਉੱਤੇ, ਕਿਸੇ ਵੀ ਚੋਣ ਵਿਚ ਹਿੱਸੇਦਾਰ ਸਮੂਹ ਉਮੀਦਵਾਰਾਂ ਨੂੰ ਬਰਾਬਰ ਦਾ ਹਿੱਸਾ ਦੇ ਕੇ, ਇੱਕ ਖਾਸ ਬੈਠਕ ਦਾ ਆਯੋਜਨ ਕਰਨਾ ਜਿਥੇ ਉਹ ਆਪਦੀ ਵਿਚਾਰਾਂ ਦੀ ਸਾਂਝ ਸੰਗਤ ਨਾਲ ਪਾ ਸਕਣ ਤੇ ਸੰਗਤ ਆਪਦੇ ਸਵਾਲ ਉਹਨਾਂ ਉਮੀਦਵਾਰਾਂ ਨੂੰ ਪੁੱਛ ਸਕੇ (ਇਹ ਦਰਬਾਰ ਹਾਲ ਤੋਂ ਇਲਾਵਾ, ਗੁਰਦਵਾਰਾ ਸਾਹਿਬ ਦੀ ਕੋਈ ਹੋਰ ਸਾਂਝੀ ਥਾਂ ਤੇ ਕਰਨਾ ਜ਼ਿਆਦਾ ਮੁਨਾਸਿਬ ਹੋਵੇਗਾ)।
5. ਉਮੀਦਵਾਰਾਂ ਨੂੰ ਗੁਰਦੁਆਰਾ ਸਾਹਿਬ ਆਉਣ, ਸੰਗਤ ਨਾਲ ਗੱਲ ਕਰਨ ਅਤੇ ਬੋਲਣ ਲਈ ਮੰਚ ਦੇਣ ਦੀ ਆਗਿਆ ਦੇਣਾ, ਬਸ਼ਰਤੇ ਕਿ ਉਹ ਚੋਣਾਂ ਬਾਰੇ ਗੱਲਬਾਤ ਨਹੀਂ ਕਰਨਗੇ ਅਤੇ ਬਾਕੀ ਸਾਰੇ ਉਮੀਦਵਾਰਾਂ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣਗੇ। ਕਨੂੰਨੀ ਪ੍ਰਕਿਰਿਆ ਦੇ ਹਿਸਾਬ ਨਾਲ ਸਭ ਤੋਂ ਮਹਿਫ਼ੂਜ਼ ਗੱਲ ਇਹ ਹੋਵੇਗੀ ਕਿ ਜਾਂ ਤਾਂ ਇਕ ਸਾਂਝੀ ਬੈਠਕ ਸੱਦੀ ਜਾਵੇ ਜਿਸ ਵਿਚ ਸਾਰੇ ਉਮੀਦਵਾਰ ਸ਼ਾਮਿਲ ਹੋਣ, ਜਾਂ ਜਿਸ ਦਿਨ ਗੁਰਦਵਾਰਾ ਸਾਹਿਬ ਦੇ ਮੰਚ ਤੋਂ ਇਕ ਉਮੀਦਵਾਰ ਬੋਲੇਗਾ, ਉਸੇ ਦਿਨ ਉਸ ਦੇ ਨਾਲ ਦੇ ਉਮੀਦਵਾਰਾਂ ਨੂੰ ਬਰਾਬਰ ਦਾ ਮੌਕਾ ਦੇ ਕੇ ਗੁਰਦਵਾਰਾ ਸਾਹਿਬ ਆਉਣ ਦਾ ਸੱਦਾ ਦਿੱਤਾ ਜਾਵੇ। ਕਨੂੰਨੀ ਮਾਹਰਾਂ ਦੇ

ਪਰਿਪੇਖ ਵਿਚ ਇਹ ਸਲਾਹ ਤਾਂ ਦਿੱਤੀ ਜਾਂਦੀ ਹੈ ਤਾਂ ਜੋ ਧਾਰਮਿਕ ਅਸਥਾਨਾਂ ਨੂੰ ਕਿਸੇ ਵੀ ਤਰਾਂ ਦੇ ਸਿਆਸੀ ਪੱਖਪਾਤੀ ਰਵਈਏ ਨੂੰ ਅਪਨਾਉਣ ਤੋਂ ਵਰਜਿਆ ਜਾਵੇ|

6. ਗੁਰਦੁਆਰੇ ਪਹੁੰਚ ਰਹੇ ਉਮੀਦਵਾਰ ਦੀ ਤਸਵੀਰ ਸੋਸ਼ਲ ਮੀਡੀਆ ਉੱਤੇ ਪਾਉਣਾ, ਬਸ਼ਰਤੇ ਕਿ ਪੋਸਟ ਵਿੱਚ ਸ਼ਾਮਲ ਉਮੀਦਵਾਰ ਦਾ ਕੋਈ ਰਸਮੀ ਸਮਰਥਨ ਨਾ ਕੀਤਾ ਜਾਵੇ।
7. ਧਾਰਾ 501(C)(4) ਅਧੀਨ ਵੱਖਰੀ ਸੰਸਥਾ ਦਾ ਗਠਨ ਕਰਨਾ, ਜੋ ਗੁਰਦਵਾਰਾ ਸਾਹਿਬ ਤੋਂ ਬਾਹਰ ਸਿਆਸੀ ਸਰਗਰਮੀਆਂ ਵਿੱਚ ਸ਼ਮੂਲੀਅਤ ਕਰ ਸਕਦੀ ਹੈ।
8. ਸਿੱਖ ਸੰਗਤ ਦੇ ਹਿੱਤ ਵਿਚ, ਵੋਟਾਂ ਰਾਹੀਂ ਤੈਅ ਕੀਤੇ ਜਾਣ ਵਾਲੇ ਕਾਨੂੰਨਾਂ ਅਤੇ ਨੀਤੀਆਂ ਦਾ ਸਮਰਥਨ ਜਾਂ ਵਿਰੋਧ ਕਰਨਾ।

ਗੁਰਦੁਆਰਾ ਸਾਹਿਬਾਨ ਕੀ ਨਹੀਂ ਕਰ ਸਕਦੇ?

1. ਕਿਸੇ ਵੀ ਚੁਣਾਵੀ ਉਮੀਦਵਰ ਦਾ ਸਮਰਥਨ ਜਾਂ ਵਿਰੋਧ (ਜਿਸ ਵਿੱਚ ਸਟੇਜ ਤੋਂ ਬੋਲ ਕੇ ਕੀਤਾ ਗਿਆ ਸਮਰਥਨ ਜਾਂ ਵਿਰੋਧ ਵੀ ਸ਼ਾਮਲ ਹੈ) ਨਹੀਂ ਕਰ ਸਕਦੇ।
2. ਚੋਣ ਮੁਹਿੰਮਾਂ ਵਿੱਚ ਯੋਗਦਾਨ, ਨਾ ਤਾਂ ਪੈਸਿਆਂ ਦਾ ਅਤੇ ਨਾ ਹੀ ਰਸਦ ਜਾਂ ਚੀਜ਼ਾਂ ਦਾ।
3. ਗੁਰਦੁਆਰੇ ਦੇ ਸਾਧਨਾਂ ਨੂੰ ਉਮੀਦਵਾਰਾਂ ਦੇ ਸਮਰਥਨ ਜਾਂ ਵਿਰੋਧ ਲਈ ਵਰਤਣ ਦੀ ਆਗਿਆ ਦੇਣਾ।
4. ਗੁਰਦੁਆਰੇ ਦੀ ਜਾਇਦਾਦ ਦੀ ਹਦੂਦ ਅੰਦਰ ਪੱਖਪਾਤੀ ਚੋਣ ਪ੍ਰਚਾਰ ਸਮੱਗਰੀ ਵੰਡਣ ਦੀ ਆਗਿਆ ਦੇਣਾ।
5. ਗੁਰਦੁਆਰੇ ਦੀ ਜਾਇਦਾਦ ਉੱਤੇ ਪੱਖਪਾਤੀ ਰੂਪ ਵਿੱਚ ਕਿਸੇ ਸਿਆਸੀ ਪਾਰਟੀ ਨੂੰ ਸਮਰਥਨ ਦੇਣ ਦੀ ਗੱਲ ਕਰਨੀ।
6. ਸੋਸ਼ਲ ਮੀਡੀਆ ਉੱਤੇ ਅਜਿਹੇ ਬਿਆਨ ਜਾਂ ਪੋਸਟਾਂ ਛਾਪਣਾ ਜਿਹੜੇ ਸਿੱਧੇ ਜਾਂ ਲੁਕਵੇਂ (ਅਸਿੱਧੇ) ਰੂਪ ਵਿੱਚ ਕਿਸੇ ਉਮੀਦਵਾਰ ਦਾ ਸਮਰਥਨ ਜਾਂ ਵਿਰੋਧ ਕਰਨ।

ਇਸ ਗੱਲ ਦਾ ਧਿਆਨ ਰੱਖੋ ਕਿ ਇਹ ਪਬੰਦੀਆਂ ਸੰਸਥਾ ਦੇ ਰੂਪ ਵਿੱਚ ਗੁਰਦੁਆਰਾ ਸਾਹਿਬਾਨ ਉੱਤੇ ਲਾਗੂ ਹੁੰਦੀਆਂ ਹਨ, ਸੰਗਤ ਵਿੱਚ ਸ਼ਾਮਲ ਕਿਸੇ ਅਜਿਹੇ ਇੱਕਲੇ ਵਿਅਕਤੀ ਉੱਪਰ ਨਹੀਂ ਲਾਗੂ ਹੁੰਦੀਆਂ ਜਿਹੜਾ ਨਿੱਜੀ ਤੌਰ ਉੱਤੇ ਇਸ ਤਰਾਂ ਦਾ ਸਿਆਸੀ ਕਾਰਜ ਕਰ ਰਿਹਾ ਹੋਵੇ।

ਸੀਮਿਤ ਹੱਦ ਵਿੱਚ ਸਿਆਸੀ ਪੈਰਵਾਈ (Lobbying) ਦੀ ਆਗਿਆ ਹੈ

ਫੈਡਰਲ ਟੈਕਸ ਕਾਨੂੰਨ ਦੁਆਰਾ, ਉਮੀਦਵਾਰਾਂ ਲਈ ਪ੍ਰਚਾਰ ਕਰਨ ਦੀ ਸਖਤ ਮਨਾਹੀ ਹੈ, ਪਰ ਧਾਰਮਿਕ ਅਸਥਾਨ ਜਨਤਕ ਨੀਤੀਆਂ (public policy) ਦੇ ਮਸਲਿਆਂ ਦੀ ਪੈਰਵਾਈ ਕਰ ਸਕਦੇ ਹਨ। ਇੰਟਰਨਲ ਰੈਵਿਨਿਊ ਕੋਡ ਦੇ ਥੱਲੇ, 501(C)(3) ਅਧੀਨ ਸਥਾਪਿਤ ਸੰਸਥਾਵਾਂ (ਜਿਨ੍ਹਾਂ ਵਿੱਚ ਧਾਰਮਿਕ ਅਸਥਾਨ ਵੀ ਸ਼ਾਮਲ ਹਨ), ਆਪਣੀਆਂ ਸਰਗਰਮੀਆਂ ਦਾ “substantial” ਜਾਂ “ਕਾਫੀ ਵੱਡਾ” ਹਿੱਸਾ ਜਨਤਕ ਨੀਤੀਆਂ ਦੇ ਪ੍ਰਚਾਰ ਲਈ ਸਮਰਪਿਤ ਨਹੀਂ ਕਰ ਸਕਦੇ। ਉਂਝ, ਆਈ.ਆਰ.ਐਸ ਅਤੇ ਅਦਾਲਤਾਂ ਨੇ ਇਸ ਦੀ ਹੱਦ ਬਾਰੀਕੀ ਨਾਲ ਤੈਅ ਨਹੀਂ ਕੀਤੀ ਹੋਈ ਹੈ ਪਰ ਨਤੀਜੇ ਵਜੋਂ, ਕਈ nonprofit ਸੰਸਥਾਵਾਂ ਦੇ ਮਾਹਿਰ, ਕਿਸੇ ਧਾਰਮਿਕ ਅਸਥਾਨ ਦੇ ਸਮੁੱਚੇ ਕਾਰਜਾਂ ਵਿਚੋਂ ਲਗਭਗ 3 ਤੋਂ 5% ਤੱਕ ਕਿਸੇ ਜਨਤਕ ਨੀਤੀ ਦੇ ਸਮਰਥਨ ਵਿੱਚ ਪ੍ਰਚਾਰ ਦੀ ਹੱਦ ਨੂੰ ਆਮ ਤੌਰ ਉੱਤੇ ਜਾਇਜ਼ ਮੰਨਦੇ ਹਨ।

ਗੁਰਦੁਆਰਿਆਂ ਵਲੋਂ ਜਨਤਕ ਨੀਤੀਆਂ ਦੀ ਪੈਰਵਾਈ **(Lobbying)** ਲਈ ਕੀਤੀ ਗਈ ਸਰਗਰਮੀ ਕਿਸ ਤਰਾਂ ਦੀ ਹੋ ਸਕਦੀ ਹੈ**?**

- ਵਿਧਾਨਕਾਰਾਂ (legislators) ਨੂੰ ਕਿਸੇ ਕਾਨੂੰਨ ਦਾ ਸਮਰਥਨ ਜਾਂ ਵਿਰੋਧ ਕਰਨ ਲਈ ਜਾਂ ਕਾਨੂੰਨ ਦੀ ਤਜਵੀਜ਼ ਪੇਸ਼ ਕਰਨ ਲਈ ਸੰਪਰਕ ਕਰਨਾ।
- ਸਥਾਪਿਤ ਕਨੂੰਨਾਂ ਨੂੰ ਸੋਧਣ ਜਾਂ ਨਵੇਂ ਕਨੂੰਨਾਂ ਦੀ ਮੰਗ ਵਾਸਤੇ ਸੰਗਤ ਨੂੰ ਵਿਧਾਨਕਾਰਾਂ ਨਾਲ ਸੰਪਰਕ ਕਰਨ ਦੀ ਅਪੀਲ ਕਰਨਾ।
- ਕਿਸੇ ਖ਼ਾਸ ਕਨੂੰਨ ਨੂੰ ਪਾਸ ਕਰਵਾਉਣ ਜਾਂ ਰੱਦ ਕਰਵਾਉਣ ਦੀ ਸੰਗਤ ਵਿਚ ਵਕਾਲਤ ਕਰਨਾ।
- ਵੋਟ ਰਾਹੀਂ ਤੈਅ ਕੀਤੇ ਜਾਣ ਵਾਲੀ ਕਿਸੇ ਤਜਵੀਜ਼ ਦੇ ਹੱਕ ਜਾਂ ਵਿਰੋਧ ਵਿੱਚ ਗੁਰਦੁਆਰੇ ਦੀ ਰਾਇ ਸੰਗਤ ਤੱਕ ਪਹੁੰਚਾਉਣਾ।

ਮਿਸਾਲ ਵਜੋਂ, ਜੇ ਕਿਸੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਨਫ਼ਰਤੀ ਜੁਰਮ (hate crime) ਸੰਬੰਧੀ ਕਨੂੰਨ ਦੇ ਕਿਸੇ ਬਿੱਲ ਦੇ ਸਮਰਥਨ ਵਿੱਚ ਗਠਜੋੜ ਜਾਂ ਸਹਿਯੋਗ ਦੇ ਪੱਤਰ ਉੱਤੇ ਦਸਤਖ਼ਤ ਕਰਦੀ ਹੈ ਤਾਂ ਇਹ ਕਾਰਵਾਈ lobbying (ਜਾਂ ਨੀਤੀਗਤ ਪੈਰਵਾਈ) ਹੀ ਗਿਣੀ ਜਾਵੇਗੀ। ਹਾਲਾਂਕਿ, ਜੇ ਇਸ ਸਰਗਰਮੀ ਵਾਸਤੇ ਗੁਰਦੁਆਰੇ ਵੱਲੋਂ ਲਾਏ ਗਏ ਸਮਾਂ ਅਤੇ ਸਾਧਨ, ਗੁਰਦੁਆਰੇ ਦੀਆਂ ਸਮੁੱਚੀਆਂ ਸਰਗਰਮੀਆਂ ਦਾ ਬਹੁਤ ਹੀ ਛੋਟਾ ਜਿਹਾ ਹਿੱਸਾ ਹੈ ਤਾਂ ਆਮ ਤੌਰ 'ਤੇ ਇਸ ਨੂੰ ਕਰਨ ਦੀ ਆਗਿਆ ਹੈ। ਇਸੇ ਤਰ੍ਹਾਂ, ਕੋਈ ਗੁਰਦੁਆਰਾ ਸਾਹਿਬ ਜੇ ਸੂਬੇ ਦੀ ਵਿਧਾਨ ਸਭਾ ਵਿੱਚ ਸਿੱਖ ਜਾਗਰੂਕਤਾ ਦਿਨ ਦਾ ਆਯੋਜਨ ਕਰਵਾਉਂਦਾ ਹੈ ਤਾਂ ਇਸ ਦਾ ਖ਼ਰਚਾ lobbying guidelines ਦੇ ਅਧੀਨ ਗਿਣਿਆ ਜਾਵੇਗਾ। ਇਸ ਵਿੱਚ ਸਮਾਗਮ ਦਾ ਪ੍ਰਬੰਧ ਕਰਨ ਅਤੇ ਇਸ ਵਿੱਚ ਸ਼ਾਮਲ ਹੋਣ ਲਈ ਗੁਰਦੁਆਰੇ ਵਲੋਂ ਖ਼ਰਚ ਹੋਇਆ ਸਮਾਂ, ਗੁਰਦੁਆਰਾ ਸੇਵਾਦਾਰਾਂ ਵੱਲੋਂ ਲਾਇਆ ਗਿਆ ਸਮਾਂ, ਆਵਾਜਾਈ ਦਾ ਖ਼ਰਚਾ, ਲੰਗਰ ਪਾਣੀ ਅਤੇ ਸਮਾਗਮ ਦੇ ਹੋਰ ਖ਼ਰਚੇ ਸ਼ਾਮਲ ਕੀਤੇ ਜਾਣਗੇ।

ਹਿਸਾਬ-ਕਿਤਾਬ (Recordkeeping) ਦੇ ਧਿਆਨ ਦੇਣ ਯੋਗ ਨੁਕਤੇ

ਜ਼ਿਆਦਾਤਰ ਜਨਤਕ ਸਮਾਜ ਭਲਾਈ ਵਾਲੀਆਂ ਸੰਸਥਾਵਾਂ ਦੇ ਮੁਕਾਬਲੇ, ਧਾਰਮਿਕ ਅਸਥਾਨਾਂ ਨੂੰ ਰਾਹਤ ਹੈ। ਹੋਰਨਾਂ ਸੰਸਥਾਵਾਂ ਵਾਂਗ, ਧਾਰਮਿਕ ਅਸਥਾਨਾਂ ਨੂੰ ਆਈਆਰਐਸ ਕੋਲ ਫਾਰਮ 990 ਨਹੀਂ ਜਮ੍ਹਾਂ ਕਰਵਾਉਣਾ ਪੈਂਦਾ। ਇਸ ਦੇ ਬਾਵਜੂਦ, ਗੁਰਦੁਆਰਾ ਪ੍ਰਬੰਧਕੀ ਸੱਜਣਾਂ

ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ lobbying ਉਨ੍ਹਾਂ ਦੀਆਂ ਕੁਲ ਸਰਗਰਮੀਆਂ ਦਾ ਬਹੁਤ ਨਿਗੂਣਾ ਹਿੱਸਾ ਹੀ ਰਹੇ। ਇਸ ਗੱਲ ਦੀ ਪਾਲਣਾ ਦੇ ਸਬੂਤ ਵਜੋਂ ਗੁਰਦੁਆਰਾ ਸਾਹਿਬਾਨ ਨੂੰ ਸੰਖੇਪ ਅਤੇ ਅੰਦਰੂਨੀ ਰਿਕਾਰਡ ਹੇਠ ਲਿਖੇ ਅਨੁਸਾਰ ਰੱਖਣੇ ਚਾਹੀਦੇ ਹਨ:

- Lobbying ਵਿੱਚ ਲੱਗਿਆ ਸਟਾਫ਼ ਦਾ ਸਮਾਂ ਤੇ ਸੰਬੰਧੀ ਖ਼ਰਚੇ।
- ਗੁਰਦੁਆਰਾ ਸਾਹਿਬ ਵੱਲੋਂ ਸੇਵਾਦਾਰਾਂ ਰਾਹੀਂ Lobbying ਲਈ ਕੀਤੀਆਂ ਗਈਆਂ ਸਰਗਰਮੀਆਂ।

ਜੇ ਕਦੇ ਕਿਸੇ ਗੁਰਦੁਆਰਾ ਸਾਹਿਬ ਨੂੰ ਖ਼ਾਸ ਟੈਕਸ ਪੜਤਾਲ (ਆਡਿਟ) ਦਾ ਸਾਹਮਣਾ ਕਰਨਾ ਪਵੇ, ਤਾਂ ਇਹ ਰਿਕਾਰਡ ਦਰਜ ਰੱਖਣ ਨਾਲ ਫੈਡਰਲ ਟੈਕਸ ਕਨੂੰਨ ਦੀ ਪਾਲਣਾ ਦਾ ਸਬੂਤ ਅਤੇ charitable ਸੰਸਥਾ ਦਾ ਗ਼ੈਰ-ਪੱਖਪਾਤੀ ਦਰਜਾ ਕਾਇਮ ਰੱਖਿਆ ਜਾ ਸਕਦਾ ਹੈ। ਜਿੰਨਾ ਚਿਰ ਇਹਨਾਂ ਨੁਕਤਿਆਂ ਦਾ ਧਿਆਨ ਰੱਖਿਆ ਜਾਵੇ, ਗੁਰਦੁਆਰਾ ਸਾਹਿਬਾਨ ਸਿੱਖ ਭਾਈਚਾਰੇ ਦੇ ਹੱਕ ਵਿਚ ਮਹਤੱਵਪੂਰਨ ਮਸਲਿਆਂ ਦੀ ਨੀਤੀਗਤ ਪੈਰਵਾਈ (lobbying) ਆਜ਼ਾਦੀ ਨਾਲ ਕਰ ਸਕਦੇ ਹਨ।

ਉਹ ਕਿਹੜੀਆਂ ਗੱਲਾਂ ਹਨ ਜੋ ਨੀਤੀਗਤ ਪੈਰਵਾਈ (Lobbying) ਵਿੱਚ ਸ਼ਾਮਲ ਨਹੀਂ ਹੁੰਦੀਆਂ?

ਜਨਤਕ ਮਸਲਿਆਂ ਬਾਰੇ ਚਰਚਾਵਾਂ ਆਮ ਤੌਰ ਤੇ ਨੀਤੀਗਤ ਪੈਰਵਾਈ (Lobbying) ਦੇ ਥੱਲੇ ਨਹੀਂ ਆਉਂਦੀ। ਬਿਨਾਂ ਕਿਸੇ ਖ਼ਾਸ ਕਾਨੂੰਨ ਦਾ ਹਵਾਲਾ ਦਿੱਤੇ ਮੋਟੇ ਤੌਰ 'ਤੇ ਸਮਾਜਿਕ, ਨੈਤਿਕ ਜਾਂ ਨੀਤੀਗਤ ਅਸੂਲਾਂ ਦੀ ਆਮ ਚਰਚਾ ਕਰਨੀ ਕੋਈ ਨੀਤੀਗਤ ਪੈਰਵਾਈ (Lobbying) ਦੀ ਸਰਗਰਮੀ ਨਹੀਂ ਹੁੰਦੀ। ਹੇਠ ਲਿਖੀਆਂ ਗੱਲਾਂ Lobbying ਥੱਲੇ ਗਿਣੀਆਂ ਜਾਣ ਵਾਲੀਆਂ ਸਰਗਰਮੀਆਂ ਨਹੀਂ ਹਨ:

- ਨਾਗਰਿਕ ਹੱਕਾਂ, ਪ੍ਰਵਾਸ (ਇਮੀਗ੍ਰੇਸ਼ਨ) ਜਾਂ ਧਾਰਮਿਕ ਆਜ਼ਾਦੀ ਬਾਰੇ ਸਿੱਖਿਅਤ ਕਰਨ ਵਾਲੇ ਸਮਾਗਮ ਜਾਂ ਸੈਮੀਨਾਰ।
- ਜਨਤਕ ਜਾਗਰੁਕਤਾ ਵਾਲੀਆਂ ਉਹ ਮੁਹਿੰਮਾ ਜਿਹੜੀਆਂ ਕਿਸੇ ਖ਼ਾਸ ਕਨੂੰਨ ਸੰਬੰਧੀ ਕੋਈ ਕਦਮ ਚੁੱਕਣ ਦੀ ਅਪੀਲ ਨਹੀਂ ਕਰਦੀਆਂ।
- ਆਮ ਕਦਰਾਂ-ਕੀਮਤਾਂ ਅਤੇ ਮੋਟੇ ਤੌਰ ਉੱਤੇ ਨੀਤੀਗਤ ਤਰਜੀਹਾਂ ਬਾਰੇ ਵਿਚਾਰ ਪ੍ਰਗਟ ਕਰਦੇ ਪੱਤਰ ਜਾਂ ਬਿਆਨ ਜਾਰੀ ਕਰਨਾ।

ਅਖ਼ੀਰ ਵਿੱਚ ਬੇਨਤੀ ਹੈ ਕਿ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕੀ ਸੱਜਣ ਮੌਜੂਦਾ ਸਿਆਸੀ ਅਹੁਦੇਦਾਰਾਂ (elected officials) ਤੇ ਸੰਭਾਵੀ ਸਿਆਸੀ ਉਮੀਦਵਾਰਾਂ (candidates) ਦਾ ਫਰਕ ਜਾਨਣ। ਚੋਣਾਂ ਰਾਹੀਂ ਚੁਣੇ ਗਏ ਕਿਸੇ ਮੌਜੂਦਾ ਅਹੁਦੇਦਾਰ ਦੀਆਂ ਸਰਕਾਰੀ ਕਾਰਵਾਈਆਂ, ਸਿੱਖ ਭਾਈਚਾਰੇ ਦੇ ਸਬੰਧ ਵਿਚ ਕਨੂੰਨਾਂ ਦੇ ਹੱਕ ਜਾਂ ਵਿਰੋਧ ਵਿਚ ਦਿੱਤੀਆਂ ਗਈਆਂ ਵੋਟਾਂ, ਜਾਂ ਨੀਤੀਆਂ ਸੰਬੰਧੀਂ ਲਏ ਗਏ ਫ਼ੈਸਲਿਆਂ ਦੀ ਪ੍ਰਸ਼ੰਸਾ ਜਾਂ ਅਲੋਚਨਾ ਗੁਰਦੁਆਰਾ ਸਾਹਿਬਾਨ ਕਰ ਸਕਦੇ ਹਨ। ਕੇਵਲ ਸ਼ਰਤ ਇਹ ਹੈ ਕਿ ਜੇ ਮੌਜੂਦਾ ਸਿਆਸੀ ਅਹੁਦੇਦਾਰ ਚੋਣ ਵਿੱਚ ਸ਼ਾਮਲ ਹੋਣ ਵਾਲਾ ਉਮੀਦਵਾਰ ਵੀ ਹੈ, ਤਾਂ ਉਸ ਤੇ ਉਹ ਸਾਰੀਆਂ ਸ਼ਰਤਾਂ ਲਾਗੂ ਹੁੰਦੀਆਂ ਨੇ ਜੋ ਪਹਿਲਾਂ ਦੱਸੀਆਂ ਗਈਆਂ ਹਨ।

ਇਹ ਜਾਣਕਾਰੀ ਸਿਰਫ਼ ਸੂਚਨਾ ਦੇ ਮਨੋਰਥ ਲਈ ਦਿੱਤੀ ਜਾ ਰਹੀ ਹੈ ਅਤੇ ਵਕੀਲ-ਕਲਾਇੰਟ ਵਾਲੇ ਸੰਬੰਧਾਂ ਦਾ ਹਿੱਸਾ ਨਹੀਂ ਹੈ। ਇਹ ਜਾਣਕਾਰੀ ਤੁਹਾਡੇ ਖ਼ਾਸ ਹਾਲਾਤ ਮੁਤਾਬਿਕ ਤਿਆਰ ਕੀਤੀ ਗਈ ਕਾਨੂੰਨੀ, ਟੈਕਸ ਸੰਬੰਧੀ ਜਾਂ ਹੋਰ ਕਿਸੇ ਤਜਰਬੇਕਾਰ ਪੇਸ਼ੇਵਰ ਸਲਾਹ ਦਾ ਬਦਲ ਨਹੀਂ ਹੈ। ਇੰਟਰਨਲ ਰੈਵਿਨਿਯੂ ਕੋਡ ਅਧੀਨ ਲਏ ਜਾਣ ਵਾਲੇ ਕਿਸੇ ਜੁਰਮਾਨੇ/ਸਜ਼ਾ ਤੋਂ ਬਚਣ ਲਈ ਇਸ ਜਾਣਕਾਰੀ ਉੱਤੇ ਨਿਰਭਰ ਨਹੀਂ ਕੀਤਾ ਜਾ ਸਕਦਾ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਬੇਝਿਜਕ ਹੋ ਕੇ ਸਿੱਖ ਕੋਲੀਸ਼ਨ ਨਾਲ ਈਮੇਲ ਪਤੇ advocacy@sikhcoalition.org ਉੱਤੇ ਸੰਪਰਕ ਕਰੋ ਜੀ।